# ਆਮ ਉਦਯੋਗ ਵਿੱਚ ਕੰਮ ਵਾਲੀ ਥਾਂ 'ਤੇ ਹਿੰਸਾ ਦੀ ਰੋਕਥਾਮ (ਗੈਰ-ਸਹਿਤ ਦੇਖਭਾਲ ਸੈਟਿੰਗਾਂ) - ਰੁਜ਼ਗਾਰਦਾਤਾਵਾਂ ਲਈ ਜਾਣਕਾਰੀ

ਕਿੱਤਾਮੁਖੀ ਸੁਰੱਖਿਆ ਅਤੇ ਸਹਿਤ ਪ੍ਰਸ਼ਾਸਨ (OSHA) ਅਨੁਸਾਰ, ਕੰਮ ਵਾਲੀ ਥਾਂ 'ਤੇ ਹਿੰਸਾ ਹੋਣ ਨਾਲ ਹਰ ਸਾਲ ਤਕਰੀਬਨ 2 ਮਿਲੀਅਨ ਅਮਰੀਕੀ ਕਰਮਚਾਰੀਆਂ ਨੂੰ ਪ੍ਰਭਾਵਿਤ ਕਰਦੀ ਹੈ।. SB 553 ਰੁਜ਼ਗਾਰਦਾਤਾਵਾਂ ਨੂੰ ਕੰਮ 'ਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਬੁਨਿਆਦੀ ਸੁਰੱਖਿਆ ਲਾਗੂ ਕਰਨ ਦੀ ਮੰਗ ਕਰਕੇ ਕੰਮ ਵਾਲੀ ਥਾਂ 'ਤੇ ਹਿੰਸਾ ਨੂੰ ਸੰਬੋਧਿਤ ਕਰਦਾ ਹੈ।

ਇਹ ਤੱਥ ਸ਼ੀਟ **ਕੈਲੀਫੋਰਨੀਆ ਸੈਨੇਟ ਬਿੱਲ 553** (SB 553) ਦੀ ਇੱਕ ਸੰਖੇਪ ਜਾਣਕਾਰੀ ਹੈ, ਜਿਸ 'ਤੇ 30 ਸਤੰਬਰ 2023 ਨੂੰ ਦਸਤਖ਼ਤ ਕਰਕੇ ਕਨੂੰਨ ਬਣਾ ਦਿੱਤਾ ਗਿਆ ਸੀ। SB 553 ਨੇ ਲੇਬਰ ਕੋਡ ਸੈਕਸ਼ਨ 6401.7 ਨੂੰ ਸੋਧਿਆ ਹੈ, ਤਾਂ ਜੋ ਰੁਜ਼ਗਾਰਦਾਤਾਵਾਂ ਨੂੰ ਨਵੇਂ ਕੋਡਬੱਧ ਲੇਬਰ ਕੋਡ ਸੈਕਸ਼ਨ **6401.9** ਦੇ ਅਨੁਸਾਰ ਕੰਮ ਵਾਲੀ ਥਾਂ 'ਤੇ ਹਿੰਸਾ ਰੋਕਥਾਮ ਯੋਜਨਾ ਵਿਕਸਿਤ ਕਰਨ ਅਤੇ ਲਾਗੂ ਕਰਨ ਦੀ ਲੋੜ ਹੋਵੇ, ਜੋ ਯੋਜਨਾ ਲਈ ਲੋੜਾਂ ਨੂੰ ਨਿਰਧਾਰਤ ਕਰਦਾ ਹੈ। 1 ਜੁਲਾਈ 2024 ਤੋਂ, ਕੈਲੀਫੋਰਨੀਆ ਵਿੱਚ ਜ਼ਿਆਦਾਤਰ ਰੁਜ਼ਗਾਰਦਾਤਾਵਾਂ ਨੂੰ ਇੱਕ ਕਾਰਜਸਥਾਨ ਹਿੰਸਾ ਰੋਕਥਾਮ ਪਲਾਨ ਸਥਾਪਤ ਕਰਨਾ, ਲਾਗੂ ਕਰਨਾ ਅਤੇ ਇਸਨੂੰ ਕਾਇਮ ਰੱਖਣਾ ਚਾਹੀਦਾ ਹੈ ਜਿਸ ਵਿੱਚ ਹੇਠਾਂ ਦਿੱਤੀਆਂ ਗੱਲਾਂ ਸ਼ਾਮਲ ਹਨ:

- ਰੁਜ਼ਗਾਰਦਾਤਾ ਵੱਲੋਂ ਬਦਲਾ ਲੈਣ 'ਤੇ ਪਾਬੰਦੀ।
- ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਰਿਪੋਰਟਾਂ ਨੂੰ ਸਵੀਕਾਰ ਕਰਨਾ ਅਤੇ ਕਾਰਵਾਈ ਕਰਨਾ।
- ਕਰਮਚਾਰੀ ਕੰਮ ਵਾਲੀ ਥਾਂ 'ਤੇ ਹਿੰਸਾ ਸੰਬੰਧੀ ਸਿਖਲਾਈ ਅਤੇ ਸੰਚਾਰ।
- ਐਮਰਜੈਂਸੀ ਪ੍ਰਤੀਕਿਰਿਆ।
- ਕੰਮ ਵਾਲੀ ਥਾਂ 'ਤੇ ਹਿੰਸਾ ਦੇ ਖ਼ਤਰੇ ਦੇ ਮੁਲਾਂਕਣ।
- ਹੋਰ ਲੋੜਾਂ, ਜਿਵੇਂ ਕਿ ਹਿੰਸਕ ਘਟਨਾ ਲਾਗ ਨੂੰ ਕਾਇਮ ਰੱਖਣਾ।

## ਰੁਜ਼ਗਾਰਦਾਤਾਵਾਂ ਨੂੰ ਕੀ ਪਤਾ ਹੋਣਾ ਲਾਜ਼ਮੀ ਹੈ?

ਸਾਰੇ ਮਾਲਕਾਂ, ਕਰਮਚਾਰੀਆਂ, ਰੁਜ਼ਗਾਰ ਦੇ ਸਥਾਨਾਂ ਅਤੇ ਰੁਜ਼ਗਾਰਦਾਤਾ ਦੁਆਰਾ ਪ੍ਰਦਾਨ ਕੀਤੀ ਗਈ ਰਿਹਾਇਸ਼ ਨੂੰ ਨਵੇਂ ਲੇਬਰ ਕੋਡ ਦੀਆਂ ਜ਼ਰੂਰਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਹੇਠਾਂ ਦਿੱਤੇ ਉਪਭਾਗ ਵਿੱਚ ਸੂਚੀਬੱਧ ਤੋਂ ਇਲਾਵਾ(b) ਲੇਬਰ ਕੋਡ 6401.9.

ਇਹ ਤੱਥ ਸ਼ੀਟ ਸਿਰਫ਼ ਇੱਕ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ। ਰੁਜ਼ਗਾਰਦਾਤਾਵਾਂ ਨੂੰ **ਕੈਲੀਫੋਰਨੀਆ ਸੈਨੇਟ ਬਿੱਲ 553** (SB 553) ਦੀਆਂ ਪੂਰੀਆਂ ਲੋੜਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ, ਜਿਸ ਵਿੱਚ ਲੇਬਰ ਕੋਡ ਸੈਕਸ਼ਨ 6401.9 ਸ਼ਾਮਲ ਹੈ।




## ਕੰਮ ਵਾਲੀ ਥਾਂ 'ਤੇ ਹਿੰਸਾ ਦੀ ਰੋਕਥਾਮ ਦੀ ਯੋਜਨਾ ਬਣਾਉਣਾ

ਲੇਬਰ ਕੋਡ ਸੈਕਸ਼ਨ 6401.9, ਸੈਕਸ਼ਨ 6401.7 ਦੁਆਰਾ ਕੰਮ ਵਾਲੀ ਥਾਂ 'ਤੇ ਹਿੰਸਾ ਰੋਕਥਾਮ ਯੋਜਨਾ ਦੇ ਲੋੜੀਂਦੇ ਤੱਤਾਂ ਦੀ ਰੂਪਰੇਖਾ ਨੂੰ ਦਰਸਾਉਂਦਾ ਹੈ:

- ਹਰੇਕ ਕਵਰ ਕੀਤੇ ਰੁਜ਼ਗਾਰਦਾਤਾ ਨੂੰ ਇੱਕ ਪ੍ਰਭਾਵਸ਼ਾਲੀ ਕੰਮ ਵਾਲੀ ਥਾਂ 'ਤੇ ਹਿੰਸਾ ਰੋਕਥਾਮ ਯੋਜਨਾ ਸਥਾਪਤ ਕਰਨ, ਲਾਗੂ ਕਰਨ ਅਤੇ ਬਣਾਈ ਰੱਖਣ ਦੀ ਲੋੜ ਹੁੰਦੀ ਹੈ।
- ਯੋਜਨਾ ਵਿੱਚ ਹੇਠ ਲਿਖੀਆਂ ਗੱਲਾਂ ਨੂੰ ਸ਼ਾਮਲ ਕਰਨ ਦੀ ਲੋੜ ਹੈ:
  - ਇਸ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਵਿਅਕਤੀਆਂ ਦੇ ਨਾਮ।
  - ਯੋਜਨਾ ਨੂੰ ਵਿਕਸਤ ਕਰਨ ਅਤੇ ਲਾਗੂ ਕਰਨ ਵਿੱਚ ਕਰਮਚਾਰੀਆਂ ਦੀ ਸ਼ਮੂਲੀਅਤ ਲਈ ਪ੍ਰਭਾਵੀ ਪ੍ਰਕਿਰਿਆਵਾਂ।
  - ਲਾਗੂ ਹੋਣ 'ਤੇ ਦੂਜੇ ਰੁਜ਼ਗਾਰਦਾਤਾਵਾਂ ਨਾਲ ਯੋਜਨਾ ਨੂੰ ਲਾਗੂ ਕਰਨ ਲਈ ਤਾਲਮੇਲ ਕਰਨ ਦੇ ਤਰੀਕੇ।
  - ਰੁਜ਼ਗਾਰਦਾਤਾਵਾਂ ਲਈ ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਰਿਪੋਰਟਾਂ ਨਾਲ ਨਜਿੱਠਣ ਅਤੇ ਕਾਰਵਾਈ ਕਰਨ ਲਈ ਪ੍ਰਕਿਰਿਆਵਾਂ, ਇਹ ਯਕੀਨੀ ਬਣਾਉਣ ਦੇ ਨਾਲ ਕਿ ਰਿਪੋਰਟਿੰਗ ਕਰਮਚਾਰੀ ਦੇ ਵਿਰੁੱਧ ਕੋਈ ਬਦਲਾ ਨਹੀਂ ਲਿਆ ਜਾਵੇਗਾ।
  - ਸੁਪਰਵਾਈਜ਼ਰਾਂ ਸਮੇਤ ਕਰਮਚਾਰੀਆਂ ਤੋਂ ਪਾਲਣਾ ਯਕੀਨੀ ਬਣਾਉਣ ਲਈ ਪ੍ਰਕਿਰਿਆਵਾਂ।
  - ਕੰਮ ਵਾਲੀ ਥਾਂ 'ਤੇ ਹਿੰਸਾ ਦੇ ਮਾਮਲਿਆਂ ਦੇ ਸਬੰਧ ਵਿੱਚ ਕਰਮਚਾਰੀਆਂ ਨਾਲ ਗੱਲਬਾਤ ਕਰਨ ਦੀਆਂ ਪ੍ਰਕਿਰਿਆਵਾਂ।
  - ਐਮਰਜੈਂਸੀ ਕਾਰਵਾਈ ਸੰਬੰਧੀ ਪ੍ਰੋਟੋਕੋਲ।
  - ਸਿਖਲਾਈ ਦੇ ਪ੍ਰਬੰਧ।

(ਅਗਲੇ ਪੰਨੇ 'ਤੇ ਜਾਰੀ)



- ਕੰਮ ਵਾਲੀ ਥਾਂ 'ਤੇ ਹਿੰਸਾ ਦੇ ਖਤਰਿਆਂ ਦੀ ਪਛਾਣ ਕਰਨ ਅਤੇ ਮੁਲਾਂਕਣ ਕਰਨ ਦੀਆਂ ਪ੍ਰਕਿਰਿਆਵਾਂ, ਜਿਸ ਵਿੱਚ ਹੇਠ ਲਿਖੀ ਵਾਰਵਾਰਤਾ ਨਾਲ ਨਿਰੀਖਣ ਸ਼ਾਮਲ ਹੁੰਦੇ ਹਨ:
  - ਜਦੋਂ ਯੋਜਨਾ ਪਹਿਲੀ ਵਾਰ ਸੈੱਟ ਕੀਤੀ ਜਾਂਦੀ ਹੈ।
  - ਸਮੇਂ-ਸਮੇਂ 'ਤੇ ਨਿਯਤ।
  - ਹਿੰਸਕ ਘਟਨਾਵਾਂ ਤੋਂ ਬਾਅਦ।
  - ਜਦੋਂ ਵੀ ਕੋਈ ਨਵਾਂ ਖ਼ਤਰਾ ਪਤਾ ਲੱਗ ਜਾਂਦਾ ਹੈ।
- ਕੰਮ ਵਾਲੀ ਥਾਂ 'ਤੇ ਹਿੰਸਾ ਦੇ ਖਤਰਿਆਂ ਦੀ ਪਛਾਣ ਅਤੇ ਮੁਲਾਂਕਣ ਨੂੰ ਸਮੇਂ ਸਿਰ ਸਹੀ ਕਰਨ ਦੀਆਂ ਪ੍ਰਕਿਰਿਆਵਾਂ।
- ਘਟਨਾ ਤੋਂ ਬਾਅਦ ਦੀ ਪ੍ਰਤੀਕਿਰਿਆ ਅਤੇ ਜਾਂਚ ਲਈ ਪ੍ਰਕਿਰਿਆਵਾਂ।
- ਉਹ ਪ੍ਰਕਿਰਿਆਵਾਂ ਜੋ ਯੋਜਨਾ ਦੀ ਸਮੀਖਿਆ ਕਰਨ ਦੀ ਇਜਾਜ਼ਤ ਦਿੰਦੀਆਂ ਹਨ
  - ਸਾਲਾਨਾ।
  - ਜਦੋਂ ਕੋਈ ਕਮੀ ਨਜ਼ਰ ਆਉਂਦੀ ਹੈ ਜਾਂ ਸਪੱਸ਼ਟ ਹੋ ਜਾਂਦੀ ਹੈ।
  - ਕੰਮ ਵਾਲੀ ਥਾਂ 'ਤੇ ਹਿੰਸਾ ਦੀ ਘਟਨਾ ਤੋਂ ਬਾਅਦ।
- ਡਵੀਜ਼ਨ ਅਤੇ ਸਟੈਂਡਰਡ ਬੋਰਡ ਦੁਆਰਾ ਲੋੜ ਅਨੁਸਾਰ ਕਰਮਚਾਰੀ ਦੀ ਸਿਹਤ ਅਤੇ ਸੁਰੱਖਿਆ ਲਈ ਲੋੜੀਂਦੀ ਕੋਈ ਹੋਰ ਪ੍ਰਕਿਰਿਆ।

- ਯੋਜਨਾ ਹਰ ਸਮੇਂ ਅਤੇ ਸਾਰੇ ਕੰਮ ਦੇ ਖੇਤਰਾਂ ਵਿੱਚ ਪ੍ਰਭਾਵੀ ਹੋਣੀ ਲਾਜ਼ਮੀ ਹੈ ਅਤੇ ਹਰੇਕ ਕਾਰਜ ਖੇਤਰ ਅਤੇ ਕਾਰਜ ਲਈ ਖ਼ਤਰਿਆਂ ਅਤੇ ਸੁਧਾਰਾਤਮਕ ਉਪਾਵਾਂ ਲਈ ਖਾਸ ਹੋਣੀ ਚਾਹੀਦੀ ਹੈ।
- ਲਿਖਤੀ ਯੋਜਨਾ ਨੂੰ ਕੈਲੀਫੋਰਨੀਆ ਕੋਡ ਔਫ਼ ਰੈਗੂਲੇਸ਼ਨਜ਼ ਦੇ ਸਿਰਲੇਖ 8 ਦੇ ਸੈਕਸ਼ਨ 3203 ਦੁਆਰਾ ਲੋੜੀਂਦੇ ਲਿਖਤੀ ਸੱਟ ਅਤੇ ਬਿਮਾਰੀ ਰੋਕਥਾਮ ਪ੍ਰੋਗਰਾਮ ਵਿੱਚ ਇੱਕਲੇ ਭਾਗ ਵਜੋਂ ਸ਼ਾਮਲ ਕੀਤਾ ਜਾ ਸਕਦਾ ਹੈ ਜਾਂ ਇੱਕ ਵੱਖਰੇ ਦਸਤਾਵੇਜ਼ ਵਜੋਂ ਰੱਖਿਆ ਜਾ ਸਕਦਾ ਹੈ।

## ਹਿੰਸਕ ਘਟਨਾ ਲੌਗ ਸੰਬੰਧੀ ਲੋੜਾਂ

ਰੁਜ਼ਗਾਰਦਾਤਾਵਾਂ ਨੂੰ ਕੰਮ ਵਾਲੀ ਥਾਂ 'ਤੇ ਹਿੰਸਾ ਦੀਆਂ ਸਾਰੀਆਂ ਘਟਨਾਵਾਂ ਦਾ ਲੌਗ ਜ਼ਰੂਰ ਰੱਖਣਾ ਚਾਹੀਦਾ ਹੈ ਭਾਵੇਂ ਘਟਨਾ ਦੇ ਨਤੀਜੇ ਵਜੋਂ ਸੱਟ ਨਾ ਲੱਗੀ ਹੋਵੇ। ਇਸ ਲੌਗ ਵਿੱਚ ਕਰਮਚਾਰੀ ਦੇ ਬਿਆਨਾਂ, ਗਵਾਹਾਂ ਦੇ ਬਿਆਨਾਂ ਅਤੇ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਕੰਮ ਵਾਲੀ ਥਾਂ 'ਤੇ ਹਿੰਸਾ ਦੀ ਹਰੇਕ ਘਟਨਾ ਬਾਰੇ ਜਾਣਕਾਰੀ ਸ਼ਾਮਲ ਹੋਣੀ ਲਾਜ਼ਮੀ ਹੈ। ਘਟਨਾ ਦੀ ਜਾਣਕਾਰੀ ਵਿੱਚ ਘੱਟੋ-ਘੱਟ ਹੇਠ ਲਿਖੀਆਂ ਗੱਲਾਂ ਸ਼ਾਮਲ ਹੋਣੀਆਂ ਲਾਜ਼ਮੀ ਹਨ:

- ਘਟਨਾ ਦੀ ਮਿਤੀ, ਸਮਾਂ, ਸਥਾਨ।
- ਕੰਮ ਵਾਲੀ ਥਾਂ 'ਤੇ ਹਿੰਸਾ ਦੀ "ਕਿਸਮ" (1, 2, 3, ਅਤੇ/ਜਾਂ 4)।
- ਘਟਨਾ ਦਾ ਵਿਸਤ੍ਰਿਤ ਵਰਣਨ।
- ਹਿੰਸਾ ਕਿਸਨੇ ਕੀਤੀ ਹੈ, ਅਤੇ ਉਸਦਾ ਵਰਗੀਕਰਨ।
- ਘਟਨਾ ਦੇ ਸਮੇਂ ਦੇ ਹਾਲਾਤ।
- ਘਟਨਾ ਕਿੱਥੇ ਵਾਪਰੀ।
- ਖਾਸ ਘਟਨਾ ਵਿਸ਼ੇਸ਼ਤਾਵਾਂ, ਜਿਵੇਂ ਕਿ ਸਰੀਰਕ ਹਮਲੇ, ਹਥਿਆਰਾਂ ਦੀ ਸ਼ਮੂਲੀਅਤ, ਧਮਕੀਆਂ, ਜਿਨਸੀ ਹਮਲੇ, ਜਾਨਵਰਾਂ ਦੀਆਂ ਘਟਨਾਵਾਂ ਜਾਂ ਹੋਰ ਘਟਨਾਵਾਂ।
- ਕਨੂੰਨ ਲਾਗੂ ਕਰਨ ਵਰਗੀ ਕਿਸੇ ਵੀ ਸ਼ਮੂਲੀਅਤ ਸਮੇਤ ਘਟਨਾ ਦੇ ਨਤੀਜੇ ਕੀ ਸਨ।
- ਕਰਮਚਾਰੀਆਂ ਨੂੰ ਹੋਰ ਧਮਕੀ ਜਾਂ ਖਤਰਿਆਂ ਤੋਂ ਬਚਾਉਣ ਲਈ ਕਿਹੜੇ ਕਦਮ ਚੁੱਕੇ ਗਏ ਸਨ।
- ਜਿਨ੍ਹਾਂ ਨੇ ਲੌਗ ਪੂਰਾ ਕੀਤਾ, ਉਹਨਾਂ ਦੇ ਨਾਮ, ਅਹੁਦਾ ਅਤੇ ਪੂਰੀ ਹੋਣ ਦੀ ਮਿਤੀ ਸਮੇਤ।

ਨੋਟ: ਰੁਜ਼ਗਾਰਦਾਤਾਵਾਂ ਨੂੰ ਨਿੱਜੀ ਪਛਾਣ ਜਾਣਕਾਰੀ ਨੂੰ ਬਾਹਰ ਰੱਖਣਾ ਚਾਹੀਦਾ ਹੈ, ਜੋ ਹਿੰਸਕ ਘਟਨਾ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਦੀ ਪਛਾਣ ਕਰੇਗੀ।

## ਕਰਮਚਾਰੀਆਂ ਨੂੰ ਕੰਮ ਵਾਲੀ ਥਾਂ 'ਤੇ ਹਿੰਸਾ ਬਾਰੇ ਸਿਖਲਾਈ ਦੇਣਾ

- ਰੁਜ਼ਗਾਰਦਾਤਾਵਾਂ ਨੂੰ ਪ੍ਰਭਾਵਸ਼ਾਲੀ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿਖਲਾਈ ਸਮੱਗਰੀ ਕਰਮਚਾਰੀਆਂ ਦੀ ਸਿੱਖਿਆ, ਪੜ੍ਹਨ ਦੇ ਹੁਨਰ ਅਤੇ ਭਾਸ਼ਾ ਨੂੰ ਸਮਝਣ ਅਤੇ ਮੇਲਣ ਲਈ ਆਸਾਨ ਹੋਵੇ।
- ਰੁਜ਼ਗਾਰਦਾਤਾਵਾਂ ਨੂੰ ਲਾਜ਼ਮੀ ਤੌਰ 'ਤੇ ਕਰਮਚਾਰੀਆਂ ਨੂੰ ਸ਼ੁਰੂਆਤੀ ਸਿਖਲਾਈ ਅਤੇ ਉਸ ਤੋਂ ਬਾਅਦ ਸਾਲਾਨਾ ਪ੍ਰਦਾਨ ਕਰਨਾ ਚਾਹੀਦਾ ਹੈ।
- ਸਿਖਲਾਈ ਲਈ ਹੇਠਾਂ ਦਿੱਤੇ ਸਮੇਤ ਵੱਖ-ਵੱਖ ਪਹਿਲੂਆਂ ਨੂੰ ਕਵਰ ਕਰਨ ਦੀ ਲੋੜ ਹੁੰਦੀ ਹੈ:
  - ਕਰਮਚਾਰੀਆਂ ਨੂੰ ਯੋਜਨਾ ਨਾਲ ਜਾਣੂ ਕਰਵਾਉਣਾ, ਕਾਪੀ ਪ੍ਰਾਪਤ ਕਰਨ ਦਾ ਤਰੀਕਾ ਅਤੇ ਰੁਜ਼ਗਾਰਦਾਤਾ ਦੀ ਯੋਜਨਾ ਦੇ ਵਿਕਾਸ ਅਤੇ ਲਾਗੂ ਕਰਨ ਵਿੱਚ ਕਿਵੇਂ ਹਿੱਸਾ ਲੈਣਾ ਹੈ।
  - ਲੇਬਰ ਕੋਡ ਸੈਕਸ਼ਨ 6401.9 ਦੀਆਂ ਪਰਿਭਾਸ਼ਾਵਾਂ ਅਤੇ ਲੋੜਾਂ।

(ਅਗਲੇ ਪੰਨੇ 'ਤੇ ਜਾਰੀ)

- ਬਦਲੇ ਦੇ ਡਰ ਤੋਂ ਬਨਿਾਂ ਕੰਮ ਵਾਲੀ ਥਾਂ 'ਤੇ ਹਸਿਾ ਦੀਆਂ ਘਟਨਾਵਾਂ ਦੀ ਰਪਿੋਰਟ ਕਵਿੇਂ ਕਰਨੀ ਹੈ।
- ਨੌਕਰੀ-ਵਸ਼ਿੇਸ਼ ਹਸਿਾ ਦੇ ਖਤਰਆਿਂ ਅਤੇ ਰੋਕਥਾਮ ਉਪਾਵਾਂ ਦੀ ਸਮਝ।
- ਹਸਿਕ ਘਟਨਾ ਲੌਗ ਦਾ ਉਦੇਸ਼ ਅਤੇ ਸੰਬੰਧਤਿ ਰਕਿਾਰਡਾਂ ਨੂੰ ਕਵਿੇਂ ਪ੍ਰਾਪਤ ਕਰਨਾ ਹੈ।
- ਰੁਜ਼ਗਾਰਦਾਤਾ ਦੀ ਯੋਜਨਾ ਬਾਰੇ ਜਾਣਕਾਰ ਕਸਿੇ ਵਅਿਕਤੀ ਨਾਲ ਗੱਲਬਾਤ ਕਰਨ ਦੇ ਮੌਕੇ।

- ਜਦੋਂ ਨਵੇਂ ਜਾਂ ਪਹਲਿਾਂ ਅਣਪਛਾਤੇ ਕੰਮ ਵਾਲੀ ਥਾਂ 'ਤੇ ਹਸਿਾ ਦੇ ਖਤਰਆਿਂ ਦੀ ਖੋਜ ਕੀਤੀ ਜਾਂਦੀ ਹੈ, ਜਾਂ ਯੋਜਨਾ ਵਚਿ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ, ਤਾਂ ਮਾਲਕ ਨੂੰ ਵਾਧੂ ਸਖਿਲਾਈ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਖਾਸ ਖਤਰੇ ਜਾਂ ਯੋਜਨਾ ਸੋਧਾਂ 'ਤੇ ਕੇਂਦ੍ਰਤਿ ਹੁੰਦੀ ਹੈ।

## ਕੰਮ ਵਾਲੀ ਥਾਂ 'ਤੇ ਹਸਿਾ ਰਕਿਾਰਡ ਰੱਖਣ ਦੀਆਂ ਲੋੜਾਂ ਦੇ ਨਾਲ ਰੁਜ਼ਗਾਰਦਾਤਾ ਦੀਆਂ ਜ਼ਮਿੇਵਾਰੀਆਂ

- ਯੋਜਨਾ ਲਖਿਤੀ ਰੂਪ ਵਚਿ ਹੋਣੀ ਲਾਜ਼ਮੀ ਹੈ ਅਤੇ ਕਰਮਚਾਰੀਆਂ, ਅਧਕਿਾਰਤ ਕਰਮਚਾਰੀ ਪ੍ਰਤੀਨਧੀਆਂ ਅਤੇ Cal/OSHA ਪ੍ਰਤੀਨਧਿਾਂ ਲਈ ਆਸਾਨੀ ਨਾਲ ਪਹੁੰਚਯੋਗ ਹੋਣੀ ਚਾਹੀਦੀ ਹੈ।
- ਕੰਮ ਵਾਲੀ ਥਾਂ 'ਤੇ ਹਸਿਾ ਦੇ ਖਤਰੇ ਦੀ ਪਛਾਣ, ਮੁਲਾਂਕਣ, ਅਤੇ ਸੁਧਾਰ ਦੇ ਰਕਿਾਰਡ ਘੱਟੋ-ਘੱਟ ਪੰਜ ਸਾਲਾਂ ਲਈ ਬਣਾਏ ਅਤੇ ਸੰਭਾਲਕੇ ਰੱਖੇ ਜਾਣੇ ਲਾਜ਼ਮੀ ਹਨ।
- ਸਖਿਲਾਈ ਦੇ ਰਕਿਾਰਡ ਘੱਟੋ-ਘੱਟ ਇੱਕ ਸਾਲ ਲਈ ਬਣਾਏ ਅਤੇ ਰੱਖੇ ਜਾਣੇ ਚਾਹੀਦੇ ਹਨ।
- ਹਸਿਕ ਘਟਨਾਵਾਂ ਦੇ ਲੌਗਾਂ ਨੂੰ ਘੱਟੋ-ਘੱਟ ਪੰਜ ਸਾਲਾਂ ਲਈ ਬਰਕਰਾਰ ਰੱਖਆਿ ਜਾਣਾ ਚਾਹੀਦਾ ਹੈ।
- ਕੰਮ ਵਾਲੀ ਥਾਂ 'ਤੇ ਹਸਿਾ ਦੀਆਂ ਘਟਨਾਵਾਂ ਦੀ ਜਾਂਚ ਦੇ ਰਕਿਾਰਡ ਨੂੰ ਘੱਟੋ-ਘੱਟ ਪੰਜ ਸਾਲਾਂ ਲਈ ਬਰਕਰਾਰ ਰੱਖਆਿ ਜਾਣਾ ਚਾਹੀਦਾ ਹੈ।




## ਵਾਧੂ ਜਾਣਕਾਰੀ ਅਤੇ ਸਰੋਤ

ਜਵਿੇਂ ਕ ਿ**ਸਰਿਲੇਖ 8, ਸੈਕਸ਼ਨ 342(a) ਦੁਆਰਾ ਲੋੜੀਂਦਾ ਹੈ। ਕੰਮ ਨਾਲ ਜੁੜੀਆਂ ਮੌਤਾਂ ਅਤੇ ਗੰਭੀਰ ਸੱਟਾਂ ਦੀ ਰਪਿੋਰਟ ਕਰਨਾ**, ਰੁਜ਼ਗਾਰਦਾਤਾਵਾਂ ਦੀ ਇੱਕ ਕਨੂੰਨੀ ਜ਼ਮਿੇਵਾਰੀ ਹੁੰਦੀ ਹੈ ਕ ਿਉਹ ਤੁਰੰਤ Cal/OSHA ਨੂੰ ਕਸਿੇ ਵੀ ਗੰਭੀਰ ਸੱਟ ਜਾਂ ਬਮਿਾਰੀ, ਜਾਂ ਰੁਜ਼ਗਾਰ ਵਾਲੀ ਥਾਂ 'ਤੇ ਹੋਣ ਵਾਲੇ ਕਸਿੇ ਕਰਮਚਾਰੀ ਦੀ ਮੌਤ (ਕੰਮ ਵਾਲੀ ਥਾਂ ਦੀ ਹਸਿਾ ਦੇ ਕਾਰਨ) ਜਾਂ ਕਸਿੇ ਵੀ ਰੁਜ਼ਗਾਰ ਦੇ ਸਬੰਧ ਵਚਿ ਰਪਿੋਰਟ ਕਰੇ।

ਵਾਧੂ ਨਯਿਮ ਜੋ ਕੰਮ ਵਾਲੀ ਥਾਂ 'ਤੇ ਹਸਿਾ ਅਤੇ ਐਕਸਪੋਜਰ 'ਤੇ ਲਾਗੂ ਹੋ ਸਕਦੇ ਹਨ, ਹੇਠਾਂ ਦੱਤਿੇ ਸਰਿਲੇਖ 8 ਭਾਗਾਂ ਵਚਿ ਲੱਭੇ ਜਾ ਸਕਦੇ ਹਨ:

- **ਸੈਕਸ਼ਨ 342** (ਕੰਮ ਨਾਲ ਜੁੜੀਆਂ ਮੌਤਾਂ ਅਤੇ ਗੰਭੀਰ ਸੱਟਾਂ ਦੀ ਰਪਿੋਰਟ ਕਰਨਾ)।
  - ਰਪਿੋਰਟਗਿ 'ਤੇ ਨਰਿਦੇਸ਼ਾਂ ਲਈ, **ਕੰਮ ਨਾਲ ਸਬੰਧਤ ਦੁਰਘਟਨਾ ਦੀ ਰਪਿੋਰਟ ਕਰੋ** - ਰੁਜ਼ਗਾਰਦਾਤਾ 'ਤੇ ਜਾਓ।
- **ਸੈਕਸ਼ਨ 3203** (ਸੱਟ ਅਤੇ ਬੀਮਾਰੀ ਦੀ ਰੋਕਥਾਮ)।
- **ਸੈਕਸ਼ਨ 14300** (ਰੁਜਗਾਰਡਾਟੇ ਦਾ ਰਕਿਾਰਡ-ਲੌਗ 300)।
  - ਕੰਮ-ਸਬੰਧਤ ਸੱਟਾਂ ਅਤੇ ਬਮਿਾਰੀਆਂ (Cal/OSHA ਫਾਰਮ 300) ਦੇ ਲੌਗ ਬਾਰੇ ਜਾਣਕਾਰੀ ਲਈ, **ਰਕਿਾਰਡ ਰੱਖਣ ਦੀਆਂ ਲੋੜਾਂ ਬਾਰੇ ਸੰਖੇਪ ਗਾਈਡ** 'ਤੇ ਜਾਓ।

(ਅਗਲੇ ਪੰਨੇ 'ਤੇ ਜਾਰੀ)

# Cal/OSHA ਸਲਾਹ-ਮਸ਼ਵਰਾ ਪ੍ਰੋਗਰਾਮ

**ਟੋਲ-ਫ੍ਰੀ ਨੰਬਰ: 1-800-963-9424** **ਇੰਟਰਨੈੱਟ: www.dir.ca.gov**

## ਔਨ-ਸਾਈਟ ਸਹਾਇਤਾ ਪ੍ਰੋਗਰਾਮ ਖੇਤਰੀ ਦਫ਼ਤਰ



**ਉੱਤਰੀ ਕੈਲੀਫੋਰਨੀਆ**
1750 ਹੋਵੇ ਐਵੇਨਿਊ, ਸੂਟ 490
ਸੈਕਰਾਮੈਂਟੋ, CA 95825
(916) 263-0704

**ਸੈਨ ਫ੍ਰਾਂਸਿਸਕੋ ਬੇ ਏਰੀਆ**
1515 ਕਲੇ ਸਟ੍ਰੀਟ, ਸੂਟ 1103
ਓਕਲੈਂਡ, CA 94612
(510) 622-2891

**ਸੈਂਟਰਲ ਵੈਲੀ**
2550 ਮੈਰੀਪੋਸਾ ਮਾਲ, ਕਮਰਾ 2005
ਫਰਜ਼ਿਨੋ, CA 93721
(559) 445-6800

**ਸੈਨ ਬਰਨਾਰਡੀਨੋ**
464 ਪੱਛਮ 4 ਸਟਰੀਟ, ਸੂਟ 339
ਸੈਨ ਬਰਨਾਰਡੀਨੋ, CA 92401
(909) 383-4567

**ਸੈਨ ਫਰਨਾਂਡੋ ਵੈਲੀ**
6150 ਵੈਨ ਨੂਇਸ ਬੁਲੇਵਾਰਡ, ਸੂਟ
307, ਵੈਨ ਨੂਇਸ, CA 91401
(818) 901-5754

**ਲਾ ਪਾਲਮਾ/ਲਾ ਮੈਟਰੋ ਏਰੀਆ/ਓਰੇਂਜ**
1 ਸੈਂਟਰਪੁਆਇੰਟ ਡਰਾਈਵ, ਸੂਟ
150, ਲਾ ਪਾਲਮਾ, CA 90623
(714) 562-5525

**ਸੈਨ ਡਇਏਗੋ/ਇੰਮਪੀਰੀਅਲ**
7575 ਮੈਟਰੋਪੋਲੀਟਨ ਡਰਾਈਵ, ਸੂਟ 204,
ਸੈਨ ਡਇਏਗੋ, CA 92108
(619) 767-2060

ਫ਼ਰਵਰੀ 2024



© 2024 ਕੈਲੀਫੋਰਨੀਆ ਉਦਯੋਗਕਿ ਸੰਬੰਧਾਂ ਦਾ ਵਭਿਾਗ